# ਉਪ-ਸੰਹਾਰ

# ਜੇ ਤੁਸੀਂ ਬਾਹਰੋਂ ਅੰਦਰ ਨੂੰ ਝਾਕ ਰਹੇ ਹੋ

*''ਆਤਮਾ ਅਤੇ ਲਾੜੀ ਆਖਦੀ ਹੈ, ਆਓ! ਜਿਹੜਾ ਸੁਣਦਾ ਹੋਵੇ ਉਹ ਕਹੇ ਆਓ! ਅਤੇ ਤਿਹਾਇਆ ਹੋਵੇ ਉਹ ਆਵੇ। ਜਿਹੜਾ ਚਾਹੇ ਅੰਮ੍ਰਿਤ ਜਲ ਮੁਫ਼ਤ ਲਵੇ'' (ਪ੍ਰਕਾਸ਼ ਦੀ ਪੋਥੀ 22:17)।*

ਤੁਸੀਂ ਕਿੱਥੇ ਹੋ? ਮਸੀਹ ਵਿਚ ਹੋ ਜਾਂ ਮਸੀਹ ਤੋਂ ਬਾਹਰ। ਤੁਸੀਂ ਸੁਣਿਆ ਹੋਵੇਗਾ, ''ਮੈਂ ਬਾਹਰ ਰਹਿ ਕੇ ਅੰਦਰ ਝਾਕਣ ਦੀ ਬਜਾਏ ਅੰਦਰੋਂ ਬਾਹਰ ਨੂੰ ਵੇਖਣਾ ਪਸੰਦ ਕਰਾਂਗਾ।'' ਜੇ ਇਸ ਕਥਨ ਵਿਚ ਕਿਸੇ ਇਨਸਾਨ ਦੀ ਗੱਲ ਹੈ, ਤਾਂ ਮੈਂ ਇਸ ਨਾਲ ਸਹਿਮਤ ਨਹੀਂ ਹੋਵਾਂਗਾ, ਕਿਉਂਕਿ ਮੈਂ ਅੰਦਰ ਤੋਂ ਬਾਹਰ ਵੱਲ ਨਹੀਂ, ਬਾਹਰੋਂ ਅੰਦਰ ਵੱਲ ਝਾਕਾਂਗਾ! ਪਰ ਜੇ ਵਿਸ਼ਾ ਮਸੀਹ ਦੀ ਕਲੀਸੀਆ ਹੈ ਤਾਂ ਮੈਂ ਬਗ਼ੈਰ ਕਿਸੇ ਪੱਖਪਾਤ ਦੇ ਆਖ ਸਕਦਾ ਹਾਂ ਕਿ ਮੈਂ ਅੰਦਰ ਰਹਿ ਕੇ ਬਾਹਰ ਵੇਖਣਾ ਚਾਹੁੰਦਾ ਹਾਂ।

ਨਵੇਂ ਨੇਮ ਦੀਆਂ ਉਨ੍ਹਾਂ ਆਇਤਾਂ ਤੇ ਵਿਚਾਰ ਕਰਨ ਦੇ ਬਾਅਦ ਜਿਨ੍ਹਾਂ ਦਾ ਸਬੰਧ ਕਲੀਸੀਆ ਨਾਲ ਹੈ ਯਕੀਨਨ ਹੀ ਤੁਸੀਂ ਵੀ ਮੇਰੇ ਵਾਂਗ ਹੀ ਮੰਨੋਗੇ। ''ਕਲੀਸੀਆ'' ਲਈ ਖ਼ੁਦਾ ਦੇ ਨਮੂਨੇ ਤੇ ਵਿਚਾਰ ਕਰਕੇ ਕੌਣ ਉਹਦਾ ਹਿੱਸਾ ਬਣਨ ਲਈ ਅੰਦਰ ਨਹੀਂ ਆਉਣਾ ਚਾਹੇਗਾ?

ਜੇ ਤੁਸੀਂ ਕਲੀਸੀਆ ਨੂੰ ਬਾਹਰੋਂ ਝਾਕ ਰਹੇ ਹੋ, ਤਾਂ ਤੁਸੀਂ ਉੱਥੋਂ ਕਿੱਥੇ ਜਾਓਗੇ? ਤੁਸੀਂ ਕਲੀਸੀਆ ਵਿਚ ਕਿਵੇਂ ਵੜ ਸਕਦੇ ਹੋ ਜਾਂ ਮਸੀਹ ਦੀ ਦੇਹ ਦੇ ਅੰਗ ਕਿਵੇਂ ਬਣ ਸਕਦੇ ਹੋ?

ਯਿਸੂ ਸਾਨੂੰ ਆਪਣੀ ਕਲੀਸੀਆ ਵਿਚ ਮਿਲਾਉਂਦਾ ਹੈ। ਤੁਸੀਂ ਇਸ ਸ਼ਬਦ ਦੇ ਦੁਨਿਆਵੀ ਅਰਥ ਨਾਲ ਨਹੀਂ ਵੜ ਸਕਦੇ, ਪਰ ਉਹ ਤੁਹਾਨੂੰ ਖ਼ੁਸ਼ੀ ਨਾਲ ਉਵੇਂ ਹੀ ਇਸ ਵਿਚ ਮਿਲਾਵੇਗਾ (ਰਸੂਲਾਂ 2:47) ਜਿਵੇਂ ਉਹ ਪਹਿਲੀ ਸਦੀ ਵਿਚ ਉਨ੍ਹਾਂ ਲੋਕਾਂ ਨੂੰ ਮਿਲਾਉਂਦਾ ਸੀ ਜੋ ਉਹਦੇ ਵਚਨ ਨੂੰ ਮੰਨ ਕੇ ਉਹਦਾ ਹੁਕਮ ਮੰਨਦੇ ਸਨ। ਉਹ ਉਸ ਯਿਸੂ ਵਿਚ ਵਿਸ਼ਵਾਸ ਕਰਦੇ ਸਨ ਜਿਸ ਦੀ ਤਸਵੀਰ ਸ਼ਬਦਾਂ ਰਾਹੀਂ ਉਨ੍ਹਾਂ ਨੂੰ ਵਿਖਾਈ ਜਾਂਦੀ ਸੀ (ਰਸੂਲਾਂ ਦੇ ਕੰਮ 2:41; ਰੋਮੀਆਂ 10:17)। ਉਹ ਰੋਜ਼ਾਨਾ ਜਿੰਦਗੀ ਵਿਚ ਮਸੀਹ ਦੇ ਪਿੱਛੇ ਚੱਲਣ ਦਾ ਵਾਅਦਾ ਕਰਦਿਆਂ ਆਪਣੇ ਪਾਪਾਂ ਤੋਂ ਤੌਬਾ ਕਰਦੇ ਸਨ (ਰਸੂਲਾਂ ਦੇ ਕੰਮ 17:30, 31)। ਉਹ ਆਪਣੇ ਬੁੱਲ੍ਹਾਂ ਨਾਲ ਯਿਸੂ ਨੂੰ ਖ਼ੁਦਾ ਪੁੱਤਰ ਮੰਨਦੇ ਸਨ, ਮਸੀਹ ਵਿਚ ਉਹ ਵਿਸ਼ਵਾਸ ਦੀ ਤਸਦੀਕ ਕਰਦਿਆਂ ਜੋ ਉਨ੍ਹਾਂ ਦੇ ਮਨਾਂ ਵਿਚ ਸੀ (ਰੋਮੀਆਂ 10:10) ਆਪਣੇ ਪਾਪਾਂ ਦੀ ਮਾਫ਼ੀ ਲਈ ਮਸੀਹ ਵਿਚ ਡੁਬਕੀ ਦਾ ਬਪਤਿਸਮਾ ਲੈਂਦੇ ਸਨ (ਰੋਮੀਆਂ 6:3; ਰਸੂਲਾਂ ਦੇ ਕੰਮ 2:38; 22:16)। ਜਦ ਉਹ ਉਨ੍ਹਾਂ ਵੱਲੋਂ ਸੁਣਾਏ ਗਏ ਵਚਨ ਨੂੰ ਮੰਨ ਲੈਂਦੇ ਸਨ, ਤਾਂ ਮਸੀਹ ਉਨ੍ਹਾਂ ਨੂੰ ਆਪਣੀ ਕਲੀਸੀਆ ਵਿਚ ਮਿਲਾ ਲੈਂਦਾ ਸੀ (ਰਸੂਲਾਂ ਦੇ ਕੰਮ 2:47)। ਤੁਸੀਂ ਵੀ

ਉਹੀ ਕਰੋ ਜੋ ਉਹ ਕਰਦੇ ਸਨ ਤਾਂ ਮਸੀਹ ਤੁਹਾਡੇ ਲਈ ਵੀ ਉਹੀ ਕਰੇਗਾ ਜੋ ਉਸ ਨੇ ਉਨ੍ਹਾਂ ਲਈ ਕੀਤਾ ਸੀ। ਉਹੀ ਖ਼ੁਸ਼ਖ਼ਬਰੀ ਜਿਸ ਨਾਲ ਪਹਿਲੀ ਸਦੀ ਦੇ ਲੋਕ ਮਸੀਹੀ ਬਣੇ ਸਨ, ਤੁਹਾਨੂੰ ਵੀ ਮਸੀਹੀ ਬਣਾਏਗੀ।

ਜੇ ਤੁਸੀਂ ਜਾਣਦੇ ਹੋ ਕਿ ਮਸੀਹੀ ਕਿਵੇਂ ਬਣਨਾ ਹੈ ਪਰ ਤੁਹਾਨੂੰ ਇਹ ਨਹੀਂ ਪਤਾ ਕਿ ਪਹਿਲਾਂ ਕੀ ਕਰਨਾ ਹੈ, ਤਾਂ ਆਪਣੇ ਨੇੜੇ ਦੀ ਮਸੀਹ ਦੀ ਕਲੀਸੀਆ ਦੇ ਕਿਸੇ ਪ੍ਰਚਾਰਕ ਨੂੰ ਬੁਲਾਓ। ਤੁਹਾਨੂੰ ਉਹਦਾ ਪਤਾ ਕਿਸੇ ਮਿੱਤਰ, ਚਰਚ ਆਫ਼ ਕਰਾਈਸਟ ਦੀ ਡਾਇਰੈਕਟਰੀ ਜਾਂ ਵੈਬਸਾਈਟ ਤੋਂ ਮਿਲ ਸਕਦਾ ਹੈ। ਉਹਨੂੰ ਤੁਹਾਡੀ ਮਦਦ ਕਰਕੇ ਖ਼ੁਸ਼ੀ ਹੋਵੇਗੀ। ਪ੍ਰਭੂ ਵੱਲੋਂ ਆਪਣੇ ਵਚਨ ਵਿਚ ਦਿੱਤੀ ਬਚਾਏ ਜਾਣ ਦੀ ਯੋਜਨਾ ਨੂੰ ਛੱਡ ਕਿਸੇ ਹੋਰ ਯੋਜਨਾ ਨੂੰ ਨਾ ਮੰਨੋ। ਉਸਦੇ ਵਚਨ ਨੂੰ ਮੰਨਣ ਦੇ ਬਾਅਦ ਤੁਸੀਂ ਉਸਦੀ ਕਲੀਸੀਆ ਬਣ ਕੇ ਰਹੋ। ਫਿਰ ਮਸੀਹ ਦਾ ਹੁਕਮ ਮੰਨਣ ਦੇ ਬਾਅਦ ਤੁਸੀਂ ਉਸਦੀ ਕਲੀਸੀਆ ਬਣਕੇ ਰਹੋ। ਜੇ ਤੁਹਾਡੇ ਨੇੜੇ ਕੋਈ ਮਸੀਹ ਦੀ ਕਲੀਸੀਆ ਨਹੀਂ, ਤਾਂ ਇਸ ਕਿਤਾਬ ਦੇ ਸ਼ੁਰੂ ਵਿਚ ਲਿਖੇ ਪਤੇ ਤੇ ਲਿਖੋ। ਅਸੀਂ ਤੁਹਾਡੀ ਮਦਦ ਲਈ ਤੁਹਾਡੇ ਇਲਾਕੇ ਵਿਚਲੇ ਪ੍ਰਚਾਰਕ ਲੱਭਣ ਦੀ ਕੋਸ਼ਿਸ਼ ਕਰਾਂਗੇ।

ਜੇ ਤੁਸੀਂ ਉਸ ਕਲੀਸੀਆ ਦੇ ਵਿਸ਼ੇ ਤੇ ਅਧਿਐਨ ਕਰਨਾ ਚਾਹੁੰਦੇ ਹੋ ਜਿਹਨੂੰ ਯਿਸੂ ਨੇ ਬਣਾਇਆ ਤਾਂ ਕਿਤਾਬ ਦੇ ਸ਼ੁਰੂ ਵਿਚ ਲਿਖੇ ਪਤੇ ਤੇ ਲਿਖੋ। ਅਸੀਂ ਤੁਹਾਡਾ ਨਾਂਅ ਬਾਈਬਲ ਦੇ ਮੁਫ਼ਤ ਡਾਕ ਰਾਹੀਂ ਕੋਰਸ ਲਈ ਲਿਖ ਲਵਾਂਗੇ। ਮਿਹਰਬਾਨੀ ਕਰਕੇ, ਬਾਹਰ ਖੜੇ ਹੋ ਕੇ ਝਾਕਦੇ ਨਾ ਰਹੋ, ਮਸੀਹ ਨੂੰ ਇਜਾਜ਼ਤ ਦਿਓ ਕਿ ਉਹ ਤੁਹਾਨੂੰ ਆਪਣੀ ਜਲਾਲੀ ਕਲੀਸੀਆ ਵਿਚ ਮਿਲਾ ਲਏ ਤਾਂ ਜੋ ਤੁਸੀਂ ਆਪ ਹੁਣ ਭਰਪੂਰੀ ਦੀ ਜ਼ਿੰਦਗੀ ਅਤੇ ਆਉਣ ਵਾਲੇ ਸੰਸਾਰ ਵਿਚ ਸਦੀਪਕ ਜੀਵਨ ਦਾ ਅਨੰਦ ਮਾਣ ਸਕੋ।